ਈ. ਮੇਲ

ਪੰਜਾਬ ਸਰਕਾਰ

ਮਾਲ ਤੇ ਪੁਨਰਵਾਸ ਵਿਭਾਗ

(ਭੌ ਮਾਲੀਆ-2 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਮੰਡਲ ਕਮਿਸ਼ਨਰਜ਼/ਡਿਪਟੀ ਕਮਿਸ਼ਨਰਜ਼
ਅਤੇ ਉਪ ਮੰਡਲ ਮੈਜਿਸਟਰੇਟ।

ਮੀਮੋ ਨੰ: 23/1/23-ਭਮ-2(7) 10929

ਚੰਡੀਗੜ, ਮਿਤੀ 01/9/23

ਵਿਸ਼ਾ: ਜਮਾਂਬੰਦੀ ਵਿਚ ਇੰਦਰਾਜਾਂ ਨੂੰ ਠੀਕ ਕਰਵਾਉਣ ਸਬੰਧੀ।

ਮੈਨੂੰ ਹਦਾਇਤ ਹੋਈ ਹੈ ਕਿ ਮੈਂ ਆਪ ਦਾ ਧਿਆਨ ਪੰਜਾਬ ਲੈਂਡ ਰਿਕਾਰਡ ਮੈਨੂਅਲ ਦੇ ਸਬ ਪੈਰਾ 7.29 ਵੱਲ ਦਿਵਾਵਾਂ, ਅਤੇ ਇਹ ਸੂਚਿਤ ਕਰਾਂ, ਕਿ ਸਰਕਾਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਮਾਲ ਪਟਵਾਰੀ ਵੱਲੋਂ ਜਦ ਚਾਰ ਸਾਲਾਂ ਬਾਅਦ ਰਿਕਾਰਡ ਤਿਆਰ ਕੀਤਾ ਜਾਂਦਾ ਹੈ ਤਾਂ ਉਸ ਵਿੱਚ ਕੁਝ ਗਲਤੀਆਂ ਜਾਣੇ-ਅਣਜਾਣੇ ਹੋ ਜਾਂਦੀਆ ਹਨ । ਸਬੰਧਤ ਪਬਲਿਕ ਨੂੰ ਲੋੜ ਪੈਣ ਤੇ ਪਤਾ ਲੱਗਦਾ ਹੈ ਕਿ ਜੋ ਇੰਦਰਾਜ਼ ਪਟਵਾਰੀ ਦੇ ਰਿਕਾਰਡ ਵਿੱਚ ਦਰਜ ਹੈ ਉਸ ਵਿੱਚ ਉਸਦੇ ਪਿਤਾ ਦਾ ਨਾਮ ਗਲਤ ਹੈ, ਉਸਦੇ ਬੇਟੇ ਦਾ ਨਾਮ ਗਲਤ ਹੈ, ਰਕਬੇ ਵਿੱਚ ਵਾਧਾ ਘਾਟਾ ਹੋ ਗਿਆ ਹੈ ਆਦਿ-ਆਦਿ। ਇਹਨਾਂ ਇੰਦਰਾਜਾਂ ਨੂੰ ਠੀਕ ਕਰਵਾਉਣ ਲਈ ਲੋਕਾਂ ਨੂੰ ਖੱਜਲ-ਖੁਆਰ ਹੋਣਾ ਪੈਂਦਾ ਹੈ।

2. ਪੰਜਾਬ ਲੈਂਡ ਰਿਕਾਰਡ ਮੈਨੂਅਲ ਵਿੱਚ ਦਰਜ ਸਬ ਪੈਰਾ 7.29 ਹੇਠ ਅਨੁਸਾਰ ਦੁਹਰਾਇਆ ਜਾਂਦਾ ਹੈ:-

> "The Collector and Sub-Divisional Magistrate concerned should examine fard badar from time to time in order to see that the procedure prescribed in connection therewith is properly understood and followed by the subordinate revenue staff."

3. ਇਸ ਲਈ ਲਿਖਿਆ ਜਾਂਦਾ ਹੈ ਕਿ ਪੰਜਾਬ ਲੈਂਡ ਰਿਕਾਰਡ ਮੈਨੂਅਲ ਦੇ ਉਕਤ ਉਪਬੰਧ ਦੀ ਪਾਲਣਾ ਯਕੀਨੀ ਬਣਾਈ ਜਾਵੇ। ਇਸ ਸਬੰਧੀ ਬਿਨੇ-ਪੱਤਰਾਂ ਦਾ ਨਿਪਟਾਰਾ ਸਮੇ ਸਿਰ ਕੀਤਾ ਜਾਵੇ।

4. ਇਹ ਹਦਾਇਤਾਂ ਆਪਣੇ ਅਧੀਨ ਸਮੂਹ ਅਧਿਕਾਰੀ/ਕਰਮਚਾਰੀ ਦੇ ਧਿਆਨ ਵਿੱਚ ਲਿਆ ਦਿੱਤੀਆਂ ਜਾਣ ।

ਅਧੀਨ ਸਕੱਤਰ ਮਾਲ

ਪਿ.ਅ.ਨੰ: : 23/1/23-ਭਮ-2(7) 10930 ਚੰਡੀਗੜ, ਮਿਤੀ 01/9/23

ਉਪਰੋਕਤ ਦਾ ਉਤਾਰਾ ਡਾਇਰੈਕਟਰ ਲੈਂਡ ਰਿਕਾਰਡ, ਪੰਜਾਬ ਕਪੂਰਥਲਾ ਰੋਡ, ਜਲੰਧਰ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

(3)

ਅਧੀਨ ਸਕੱਤਰ ਮਾਲ

ਪਿ.ਅ.ਨੰ: : 23/1/23-ਭਮ-2(7) 10931 ਚੰਡੀਗੜ, ਮਿਤੀ 01/9/23

ਉਪਰੋਕਤ ਦਾ ਇੱਕ ਉਤਾਰਾ ਸਕੱਤਰ, ਪੰਜਾਬ ਵਿਧਾਨ ਸਭਾ, ਚੌਥਾ (ਬਜਟ)ਸਮਾਗਮ, 2023 ਨਿਯਮ 66 ਅਧੀਨ ਧਿਆਨ ਦਿਵਾਊ ਨੋਟਿਸ (ਕ੍ਰਮ ਨੰ: 15) 16 ਵੀ ਪੰਜਾਬ ਵਿਧਾਨ ਸਭਾ ਦੇ ਸਬੰਧ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਮਾਲ

ਪਿ.ਅ.ਨੰ: : 23/1/23-ਭਮ-2(7) 10932 ਚੰਡੀਗੜ, ਮਿਤੀ 01/9/23

ਇਕ ਉਤਾਰਾ ਪ੍ਰੋਜੈਕਟ ਮੈਨੇਜਰ/ਪੀ.ਐਲ.ਆਰ.ਐਸ ਨੂੰ ਰੈਵੇਨਿਊ ਦੀ ਵੈਬਸਾਈਟ ਤੇ ਅਪਲੋਡ ਕਰਨ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਮਾਲ